# M.A. Pol science

# PPT: Indian polity-Smt. Darshan kaur

# ਮੌਲਿਕ ਅਧਿਕਾਰ (Fundamental Right)

**ਮੌਲਿਕ ਅਧਿਕਾਰਾਂ ਦਾ ਅਰਥ :** ਮੌਲਿਕ ਅਧਿਕਾਰ ਉਨਾਂ ਬੁਨਿਆਦੀਆਦੀ , ਜ਼ਰੂਰੀ ਅਤੇ ਮਹੱਤਵਪੂਰਨ ਅਧਿਕਾਰਾਂ ਨੂੰ ਕਿਹਾ ਜਾਂਦਾ ਹੈ ਜਿਨਾਂ ਦੇ ਬਿਨਾ ਦੇਸ਼ ਦੇ ਨਾਗਰਿਕ ਆਪਣੇ ਜੀਵਨ ਦਾ ਵਿਕਾਸ ਨਹੀਂ ਨਾਗਰਿਕਾਂ ਨੂੰ ਪ੍ਰਾਪਤ ਹਨ।

## ਮੌਲਿਕ ਅਧਿਕਾਰ ਅਨੁਛੇਦ 14 ਤੋ 23 ਅਤੇ ਅਨੁਛੇਦ 32 ਅਧੀਨ ਅੰਕਿਤ ਹਨ।

1. ਸਮਾਨਤਾ ਦਾ ਅਧਿਕਾਰ ਅਨੁਛੇਦ -14 ਤੋਂ 18 ਤੱਕ

- ਕਾਨੂੰਨ ਤੇ ਸਾਹਮਣੇ ਸਮਾਨਤਾ (ਅਨੁਛੇਦ 14)
- ਵਿਤਕਰੇ ਦੀ ਮਨਾਹੀ (ਅਨੁਛੇਦ 15)
- ਅਕਸਰ ਦੀ ਸਮਾਨਤਾ (ਅਨੁਛੇਦ 16)
- ਛੂਤ ਛਾਤ ਦੀ ਸਮਾਪਤੀ (ਅਨੁਛੇਦ 17)

## 2. ਸੁਤੰਤਰਤਾ ਦਾ ਅਧਿਕਾਰ - ਅਨੁਛੇਦ 19 ਤੋਂ 22 ਤੱਕ

- ਛੇ ਸੁਤੰਤਰਤਾਵਾਂ (ਅਨੁਛੇਦ 19)
- ਅਪਰਾਧਾਂ ਲਈ ਦੋਸ਼ਤ ਸਿੱਧੀ ਸਬੰਧੀ ਸੁਰੱਖਿਆ (ਅਨੁਛੇਦ 20)
- ਜੀਵਨ ਅਤੇ ਨਿੱਜੀ ਸੁਤੰਤਰਤਾ ਦੀ ਸੁਰੱਖਿਆ (ਅਨੁਛੇਦ 21)
- ਕੁਝ ਅਵਸਥਾਵਾਂ ਵਿੱਚ ਗ੍ਰਿਫਤਾਰੀ ਵਿਰੁੱਧ ਸੁਰੱਖਿਆ (ਅਨੁਛੇਦ 22)
- ਸਿੱਖਿਆ ਦੇ ਅਧਿਕਾਰ ਦੀ ਵਿਵਸਥਾ (ਅਨੁਛੇਦ 21)

## 3. ਸ਼ੋਸ਼ਣ ਵਿਰੁੱਧ ਅਧਿਕਾਰ - ਅਨੁਛੇਦ 23 ਤੋਂ 24 ਤੱਕ

- ਮਨੁੱਖੀ ਵਪਾਰ ਅਤੇ ਜਬਰਨ ਮਜ਼ਦੂਰੀ ਦੀ ਮਨਾ ਹੀ (ਅਨੁਛੇਦ 23)
- ਕਾਰਖਾਨੇ ਆਦਿ ਵਿੱਚ ਬੱਚਿਆ ਨੂੰ ਲਗਾਉਣ ਦੀ ਮਨਾਹੀ (ਅਨੁਛੇਦ 24)

## 4. ਧਰਮ ਦੀ ਸੁਤੰਤਰਤਾ ਦਾ ਅਧਿਕਾਰ - ਅਨੁਛੇਦ 25 ਤੋਂ 28 ਤੱਕ

- ਕਿਸੇ ਵੀ ਧਰਮ ਨੂੰ ਮੰਨਣ ਅਤੇ ਉਸ ਤੇ ਅਮਲ ਕਰਨ ਦੀ ਸੁਤੰਤਰਤਾ
- ਧਾਰਮਿਕ ਕੰਮਾਂ ਦਾ ਪ੍ਰਬੰਧ ਕਾਰਨ ਦੀ ਸੁਤੰਤਰਤਾ (ਅਨੁਛੇਦ 26)
- ਵਿਸ਼ੇਸ਼ ਧਰਮ ਦੇ ਵਿਕਾਸ ਲਈ ਕਰ ਦੇਣ ਦੀ ਸੁਤੰਤਰਤਾ (ਅਨੁਛੇਦ 27)

## 5. ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰ - ਅਨੁਛੇਦ 29 ਤੋਂ 30 ਤੱਕ

- ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ (ਅਨੁਛੇਦ 29)
- ਵਿਦਿਅਕ ਸੰਸਥਾਵਾਂ ਦੀ ਸਥਾਪਨਾ ਅਤੇ ਉਨਾਂ ਦਾ ਪ੍ਰਬੰਧ ਕਰਨ ਦਾ ਕੱਟ ਗਿਣਤੀਆਂ ਦਾ ਅਧਿਕਾਰ (ਅਨੁਛੇਦ 30)

## 6. ਸੰਵਿਧਾਨਿਕ ਉਪਚਾਰਾ ਦਾ ਅਧਿਕਾਰ - ਅਨੁਛੇਦ 32 ਤੱਕ

- ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਅੰਕਿਤ ਕਰਨਾ ਬਿਲਕੁਲ ਵਿਅਰਥ ਹੋਣਾ ਸੀ ਜੇਕਰ ਇਹਨਾਂ ਅਧਿਕਾਰਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਾ ਕੀਤਾ ਜਾਂਦਾ ਇਸ ਲਈ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਨੂੰ ਅਨਸੇਕ 32 ਰਾਹੀਂ ਪੂਲ ਰੂਪ ਵਿੱਚ ਸੁਰੱਖਿਤ ਬਣਾਇਆ ਗਿਆ ਹੈ ਇਸ ਅਨੁਛੇਦ ਵਿੱਚ ਕਿਹਾ ਗਿਆ ਹੈ ਕਿ ,"ਭਾਗ ਤੀਜੇ ਵਿੱਚ ਦਿੱਤੇ ਅਧਿਕਾਰਾਂ ਨੂੰ ਉਚਿਤ ਵਿਧੀ ਅਨੁਸਾਰ ਲਾਗੂ ਕਰਵਾਉ ਲਈ ਸਰਬ ਉੱਚ ਅਦਾਲਤ ਕੋਲ ਜਾਣ ਦਾ ਅਧਿਕਾਰ ਦਿੱਤਾ ਜਾਂਦਾ ਹੈ।"

# ਮੌਲਿਕ ਅਧਿਕਾਰਾਂ ਦੀ ਆਲੋਚਨਾ (Criticism of fundamental rights)

## ਡਾਕਟਰ ਅੰਬੇਦਕਰ ਨੇ ਭਾਰਤੀ ਸੰਵਿਧਾਨ ਵਿੱਚ ਅੰਕਿਤ ਮੌਲਿਕ ਅਧਿਕਾਰਾਂ ਨੂੰ "ਸੰਵਿਧਾਨ ਦਾ ਦਿਲ ਤੇ ਆਤਮਾ"ਦੱਸਿਆ ਸੀ|

1. **ਬਹੁਤ ਜਿਆਦਾ ਰੋਕਾਂ:-** ਸੰਵਿਧਾਨ ਵਿੱਚ ਦਿੱਤੇ ਮੌਲਿਕ ਅਧਿਕਾਰਾਂ ਉੱਤੇ ਇਨੀਆਂ ਜਿਆਦਾ ਰੋਕਾਂ ਲਗਾਈਆਂ ਜਾ ਸਕਦੀਆਂ ਹਨ ਕਿ ਸੰਵਿਧਾਨ ਸਭਾ ਵਿੱਚ ਬੋਲਦਿਆਂ ਇੱਕ ਮੈਂਬਰ ਨੇ ਕਿਹਾ ਸੀ ਕਿ ਮੌਲਿਕ ਅਧਿਕਾਰ ਵਾਲੇ ਅਧਿਆਏ ਦਾ ਨਾਂ "ਮੌਲਿਕ ਅਧਿਕਾਰਾਂ ਤੇ ਰੋਕਾ" ਰੱਖਣਾ ਵਧੇਰੇ ਉਚਿਤ ਹੋਵੇਗਾ ਰੋਕਾ ਲਗਾਮ ਦੇ ਅਨੇਕਾਂ ਅਧਿਕਾਰ ਮੌਲਿਕ ਅਧਿਕਾਰਾਂ ਵਾਲੇ ਅਧਿਆਏ ਵਿੱਚ ਹੀ ਅੰਕਿਤ ਕੀਤੇ ਗਏ ਹਨ ਉਹਨਾਂ ਤੋਂ ਇਲਾਵਾ ਈਨਾ ਉੱਤੇ ਰੋਕਾ ਲਗਾਉਣ ਦੀ ਸ਼ਕਤੀ ਸੰਸਦ ਨੂੰ ਦਿੱਤੀ ਗਈ ਹੈ ।

## 2. ਆਰਥਿਕ ਅਧਿਕਾਰਾਂ ਦੀ ਅਣਹੋਂਦ:-

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਵਿੱਚ ਰਾਜਨੀਤਿਕ ਲੋਕਤੰਤਰ ਦੇ ਨਾਲ ਨਾਲ ਆਰਥਿਕ ਲੋਕਤੰਤਰ ਦੀ ਸਥਾਪਨਾ ਦਾ ਭਾਰਤੀ ਲੋਕਾਂ ਦਾ ਸੰਕਲਪ ਵੀ ਪ੍ਰਗਟਾਇਆ ਗਿਆ ਹੈ ਪਰ ਮੌਲਿਕ ਅਧਿਕਾਰਾਂ ਦੇ ਅਧਿਆਏ ਵਿੱਚ ਆਰਥਿਕ ਅਧਿਕਾਰਾਂ ਦੀ ਅਣਹੋਂਦ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਸੰਵਿਧਾਨਕਾਰਾ ਨੇ ਆਰਥਿਕ ਲੋਕਤੰਤਰ ਦੀ ਸਥਾਪਨਾ ਲਈ ਕੋਈ ਗੰਭੀਰ ਯਤਨ ਨਹੀਂ ਕੀਤਾ ਹੈ ਭਾਰਤੀ ਸੰਵਿਧਾਨ ਵਿੱਚ ਕੰਮ ਦਾ ਅਧਿਕਾਰ, ਆਰਥਿਕ ਅਧਿਕ okਾਰ, ਵਿਸ਼ਰਾਮ ਦਾ ਅਧਿਕਾਰ ਆਦਿ ਆਰਥਿਕ ਅਧਿਕਾਰਾਂ ਦੀ ਅਣਹੋਂਦ ਮੌਲਿਕ ਅਧਿਕਾਰਾਂ ਵਾਲੇ ਅਧਿਆਏ ਦੀ ਵੱਡੀ ਊਣਤਾਈ ਹੈ।

**3. ਮੌਲਿਕ ਅਧਿਕਾਰਾਂ ਦਾ ਮੁਲਤਵੀ ਕੀਤਾ:-** ਜੇਕਰ ਰਾਸ਼ਟਰਪਤੀ ਸਮੁੱਚੇ ਦੇਸ਼ ਵਿੱਚ ਜਾਂ ਕਿਸੇ ਭਾਗ ਵਿੱਚ ਸੰਕਟਕਾਲੀਨ ਘੋਸ਼ਣਾ ਲਾਗੂ ਕਰਦਾ ਹੈ ਤਾਂ ਉਹ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰ ਸਕਦਾ ਹੈ ਇਸ ਦਾ ਭਾਵ ਇਹ ਹੋਇਆ ਕਿ ਸ਼ਾਸਕ ਦਲ ਆਪਣੇ ਰਾਜਨੀਤਿਕ ਹਿੱਤਾਂ ਦੇ ਲੋਕਾਂ ਨੂੰ ਮੌਲਿਕ ਅਧਿਕਾਰਾਂ ਤੋਂ ਕਿਸੇ ਸਮੇਂ ਵੀ ਵੰਚਿਤ ਕਰ ਸਕਦਾ ਹੈ। ਅਜਿਹੀ ਔ ਕਾਰਨ ਕਝ ਅਲੋਚਕ ਇਹਨਾਂ ਭਾਰਤੀ ਅਧਿਕਾਰਾਂ

## 4. ਮੌਲਿਕ ਅਧਿਕਾਰ ਪੂਰਨ ਰੂਪ ਨਾਲ ਸੁਰੱਖਿਅਤ ਨਹੀਂ ਹਨ:-

ਮੌਲਿਕ ਅਧਿਕਾਰ ਨੂੰ ਲਾਗੂ ਕਰਾਉਣ ਲਈ ਨਾਗਰਿਕਾਂ ਅਦਾਲਤਾਂ ਦੀ ਸ਼ਰਨ ਲੈ ਸਕਦੇ ਹਨ । ਬਾਕੀ ਸਰਵਉੱਚ ਅਦਾਲਤ ਅਤ ਉੱਚ ਅਦਾਲਤਾਂ ਉਸ ਕਾਨੂੰਨ ਨੂੰ ਰੱਦ ਕਰ ਸਕਦੀਆਂ ਹਨ ਜੋ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਪਰ ਇਸ ਸਥਿਤੀ ਦੇ ਬਾਵਜੂਦ ਵੀ ਇਹਨਾਂ ਮੌਲਿਕ ਅਧਿਕਾਰਾਂ ਨੂੰ ਪੂਰਨ ਰੂਪ ਵਿੱਚ ਸੁਰੱਖਿਤ ਨਹੀਂ ਸਮਝਿਆ ਜਾਂਦਾ ਹੈ ਇਸ ਦਾ ਮੁੱਖ ਕਾਰਨ ਇਹ ਹੈ ਕਿ ਸੰਸਦ ਸੰਵਿਧਾਨ ਵਿੱਚ ਤਰਮੀਮ ਕਰਕੇ ਅਦਾਲਤੀ ਨਿਰਣਿਆ ਨੂੰ ਪ੍ਰਭਾਵਹੀਣ ਹੀ ਬਣਾਉਣ ਦੀ ਸ਼ਕਤੀ ਰੱਖਦੀ ਹੈ ਅਤੇ ਸੰਸਦ ਨੇ ਕਈ ਵਾਰ ਇਸ ਸ਼ਕਤੀ ਵੀ ਵਰਤੋਂ ਕੀਤੀ ਹੈ।

**5. ਸੰਸਦ ਅਧਿਕਾਰਾਂ ਨੂੰ ਸੀਮਤ ਜਾਂ ਸਮਾਪਤ ਕਰ ਸਕਦੀ ਹੈ:-** ਇਹ ਠੀਕ ਹੈ ਕੀ ਸੁਧਾਰਨ ਕਾਨੂੰਨਾਂ ਦੁਆਰਾ ਸੰਸਦ ਇਹਨਾ ਅਧਿਕਾਰਾਂ ਨੂੰ ਸੀਮਤ ਜਾਂ ਸਮਾਪਤ ਨੇ ਹੀ ਕਰ ਸਕਦੀ ਪਰ ਸੰਵਿਧਾਨਿਕ ਸੋਧ ਦੁਆਰਾ ਸੰਸਦ ਨੂੰ ਅਜਿਹਾ ਕਰਨ ਦਾ ਪੂਰਨ ਅਧਿਕਾਰ ਹੈ ਇਸ ਅਧਿਕਾਰ ਦੀ ਵਰਤੋ ਦੁਆਰਾ ਹੀ ਸੰਸਦ ਨੇ 44ਵੀਂ ਸੰਵਿਧਾਨ ਸੋਧ ਦੁਆਰਾ ਸੰਪਤੀ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਵਿੱਚੋਂ ਖਾਰਿਜ ਕਰ ਕੇ ਉਸ ਨੂੰ ਇੱਕ ਸਧਾਰਨ ਅਧਿਕਾਰ ਬਣਾਇਆ ਹੈ। ਇਹ ਠੀਕ ਹੈ ਕੀ ਸੰਸਦ ਮੌਲਿਕ ਅਧਿਕਾਰਾਂ ਵਿੱਚ ਕੋਈ ਅਜਿਹਾ ਪਰਿਵਰਤਨ ਨਹੀਂ ਕਰ ਸਕਦੀ, ਜੋ ਸੰਵਿਧਾਨ ਦੇ ਮੌਲਿਕ ਢਾਂਚੇ ਨਸ਼ਟ ਕਰਦਾ ਹੋਵੇ।

# ਸਿੱਟਾ:-

ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਰਤੀ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਦੀ ਕਰੜੀ ਆਲੋਚਨਾ ਹੋਈ ਹੈ, ਪਰ ਇਸ ਗੱਲ ਤੇ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਅਧਿਕਾਰ ਭਾਰਤੀ ਲੋਕਤੰਤਰ ਦਾ ਨਹੀਂ ਪੱਥਰ ਹਨ ।ਅਧਿਕਾਰਾ ਉਥੇ ਇਨੀਆਂ ਜਿਆਦਾ ਰੋਕਾਂ ,ਆਰਥਿਕ ਅਧਿਕਾਰਾਂ ਦੀਆਂ ਅਣਹੋਂਦ, ਨਿਵਾਰਕ ਨਜਰਬੰਦੀ ਵਿਵਸਥਾ ਆਦਿ ਦੀ ਹੋਂਦ ਦਾ ਮੁੱਖ ਕਾਰਨ ਦੇਸ਼ ਦੀ ਨਾ ਜੁਗਹ ਰਾਜਨੀਤਿਕ ਤੇ ਆਰਥਿਕ ਸਥਿਤੀ ਹੈ।

# Thank

# You